BRITISH COLUMBIA

# ਅਪਡੇਟ

ਤੁਰੰਤ ਜਾਰੀ ਕਰਨ ਹਿਤ
2022HLTH0156-001048
4 ਜੁਲਾਈ, 2022

ਸਿਹਤ ਮੰਤਰਾਲਾ
ਫ਼ਰੇਜ਼ਰ ਹੈੱਲਥ
ਪ੍ਰੋਵਿੰਸ਼ੀਅਲ ਹੈੱਲਥ ਸਰਵਿਸਜ਼ ਅਥੌਰਿਟੀ

## ਸਰੀ ਵਿੱਚ ਨਵੇਂ ਹਸਪਤਾਲ, ਬੀ ਸੀ ਕੈਂਸਰ ਸੈਂਟਰ ਦੇ ਕੰਮ ਵਿੱਚ ਪ੍ਰਗਤੀ

ਸਰੀ- 5500 180 ਸਟਰੀਟ ‘ਤੇ ਇਸ ਸਹੂਲਤ ਦੇ ਬਣਾਏ ਜਾਣ ਲਈ ਤਜਵੀਜ਼ਾਂ ਪੇਸ਼ ਕਰਨ ਦਾ ਸੱਦਾ (ਆਰ ਐੱਫ਼ ਪੀ) ਜਾਰੀ ਹੋਣ ਨਾਲ ਸਰੀ ਵਿੱਚ ਲੋਕ ਇੱਕ ਨਵੇਂ ਹਸਪਤਾਲ ਅਤੇ ਬੀ ਸੀ ਕੈਂਸਰ ਸੈਂਟਰ ਦੇ ਇੱਕ ਕਦਮ ਹੋਰ ਨਜ਼ਦੀਕ ਆ ਗਏ ਹਨ।

“ਸਾਡੀ ਸਰਕਾਰ ਸਰੀ ਵਿੱਚ ਲੋਕਾਂ ਲਈ ਇੱਕ ਨਵੇਂ ਹਸਪਤਾਲ ਦਾ ਵਾਅਦਾ ਨੂੰ ਪੂਰਾ ਕਰ ਰਹੀ ਹੈ, ਅਤੇ ਅਸੀਂ ਪ੍ਰੋਕਿਉਰਮੈਂਟ ਪ੍ਰਕਿਰਿਆ ਦੇ ਅਗਲੇ ਪੜਾਅ ਵੱਲ ਵਧ ਰਹੇ ਹਾਂ,” ਏਡਰੀਅਨ ਡਿਕਸ, ਸਿਹਤ ਮੰਤਰੀ ਨੇ ਕਿਹਾ, “ਇਸ ਅਗਲੇ ਅਹਿਮ ਕਦਮ ਦਾ ਅਰਥ ਹੈ ਕਿ ਅਸੀਂ ਇਹ ਵੇਖਣ ਦੇ ਕਿ ਹਸਪਤਾਲ ਕਿਹੋ ਜਿਹਾ ਲੱਗੇਗਾ, ਇਸ ਦੀ ਨੀਂਹ ਰੱਖਣ ਅਤੇ ਉਸਾਰੀ ਸ਼ੁਰੂ ਕਰਨ, ਅਤੇ ਮਰੀਜ਼ਾਂ ਲਈ ਇਸ ਨਵੇਂ ਹਸਪਤਾਲ ਦੇ ਖੁਲ੍ਹਣ ਦੇ ਵਧੇਰੇ ਨਜ਼ਦੀਕ ਪਹੁੰਚ ਚੁੱਕੇ ਹਾਂ।”

ਯੋਗਤਾ ਸਿੱਧ ਕਰਨ ਦੇ ਸੱਦੇ ਦੀ ਪ੍ਰਕਿਰਿਆ, ਜੋ 17 ਮਾਰਚ, 2022 ਨੂੰ ਸਮਾਪਤ ਹੋਈ ਹੈ, ਦੇ ਨਤੀਜੇ ਵੱਜੋਂ ਇਸ ਪ੍ਰੋਜੈਕਟ ਦੇ ਡਿਜ਼ਾਈਨ ਅਤੇ ਨਿਰਮਾਣ ਵਿੱਚ ਅਗਵਾਈ ਕਰਨ ਲਈ ਦੋ ਪ੍ਰਸਤਾਵਕਾਂ ਦਾ ਨਾਮ ਸੰਖੇਪ ਸੂਚੀ ਵਿੱਚ ਸ਼ਾਮਲ ਕੀਤਾ ਗਿਆ ਹੈ। ਇਹ ਪ੍ਰਸਤਾਵਕ ਹਨ ਐਲਿਸਡੌਨ ਡਿਜ਼ਾਈਨ ਬਿਲਡ ਇਨਕਾਪੋਰੇਟਿਡ ਅਤੇ ਪੀ ਸੀ ਐੱਲ ਕੰਸਟ੍ਰੱਕਸ਼ਨ ਲਿਮਟਿਡ।

ਆਰ ਐੱਫ਼ ਪੀ ਦੀ ਪ੍ਰਕਿਰਿਆ ਨੂੰ ਮੁਕੰਮਲ ਹੋਣ ਵਿੱਚ ਆਮ ਤੌਰ ‘ਤੇ ਲਗਭਗ ਇੱਕ ਸਾਲ ਲੱਗ ਜਾਂਦਾ ਹੈ। ਉਸਾਰੀ ਦਾ ਕੰਮ 2023 ਦੀਆਂ ਗਰਮੀਆਂ ਵਿੱਚ ਸ਼ੁਰੂ ਹੋ ਜਾਣ ਦੀ ਉਮੀਦ ਹੈ, ਜਿਸ ਨਾਲ ਇਸ ਸਹੂਲਤ ਦਾ 2027 ਵਿੱਚ ਮਰੀਜ਼ਾਂ ਲਈ ਤਿਆਰ ਹੋ ਜਾਣਾ ਤੈਅ ਕੀਤਾ ਗਿਆ ਹੈ।

ਇਹ ਪ੍ਰੋਜੈਕਟ ਇੱਕ ਡਿਜ਼ਾਈਨ ਅਨੁਰੂਪ ਨਿਰਮਾਣ ਦੀ ਪ੍ਰਕਿਰਿਆ ਰਾਹੀਂ ਪ੍ਰਗਤੀ ਕਰ ਰਿਹਾ ਹੈ ਜਿਸ ਵਿੱਚ ਤਰਜੀਹੀ ਪ੍ਰਸਤਾਵਕ ਫ਼ਰੇਜ਼ਰ ਹੈੱਲਥ ਨਾਲ ਇੱਕ ਨਿਰਧਾਰਤ ਕੀਮਤ, ਨਿਰਧਾਰਤ ਸਮਾਂ-ਸਾਰਣੀ ‘ਤੇ ਅਧਾਰਤ ਇਕਰਾਰਾਨਾਮਾ ਕਰੇਗਾ ਅਤੇ ਫ਼ਰੇਜ਼ਰ ਹੈੱਲਥ ਦੁਆਰਾ ਤੈਅ ਕੀਤੇ ਮਾਪਦੰਡਾਂ ਅਤੇ ਕਾਰਗੁਜ਼ਾਰੀ ਸਬੰਧਤ ਸ਼ਰਤਾਂ ਨੂੰ ਪੂਰਾ ਕਰਦਿਆਂ ਇਸ ਸਹੂਲਤ ਦਾ ਨਿਰਮਾਣ ਕਰੇਗਾ।

“ਅੱਜ ਇੱਕ ਨਵੇਂ, ਅਤਿ-ਆਧੁਨਿਕ ਹਸਪਤਾਲ ਅਤੇ ਬੀ ਸੀ ਕੈਂਸਰ ਸੈਂਟਰ ਲਈ ਯੋਜਨਾਬੰਦੀ ਕਰਨ ਦੇ ਲਿਹਾਜ਼ ਨਾਲ ਇੱਕ ਅਹਿਮ ਕਦਮ ਅਗਾਂਹ ਵਧਾਉਣ ਦਾ ਮੌਕਾ ਹੈ ਜਿਸ ਰਾਹੀਂ ਬੀ ਸੀ ਦੇ ਤੇਜ਼ੀ ਨਾਲ ਵਿਕਸਤ ਹੋ ਰਹੇ ਭਾਈਚਾਰੇ ਵਿੱਚ ਵੱਸ ਰਹੇ ਅਤੇ ਕੰਮ ਕਰ ਰਹੇ ਲੱਖਾਂ ਹੀ ਲੋਕਾਂ ਨੂੰ ਦੇਖਭਾਲ ਮੁਹੱਈਆ ਕਰਾਈ ਜਾਏਗੀ,” ਡਾ. ਵਿਕਟੋਰੀਆ ਲੀ, ਪ੍ਰਧਾਨ ਅਤੇ ਸੀ ਈ ਓ, ਫ਼ਰੇਜ਼ਰ ਹੈੱਲਥ ਨੇ ਕਿਹਾ, “ਇੱਕ ਮੁਕੰਮਲ ਤੌਰ ‘ਤੇ ਡਿਜਿਟਲ ਤਕਨਾਲੋਜੀ ਨਾਲ ਲੈਸ ਭਾਈਚਾਰਕ ਹਸਪਤਾਲ ਵੱਜੋਂ, ਇਸ ਸਹੂਲਤ ਨਾਲ ਸਾਡੇ ਇਲਾਕੇ ਵਿੱਚ ਐਕਿਊਟ ਦੇਖਭਾਲ ਲਈ ਇੱਕ ਨਵੇਂ ਦੌਰ ਦੀ ਸ਼ੁਰੂਆਤ ਹੋਵੇਗੀ, ਜਿਸ ਨਾਲ ਅਸੀਂ ਐਮਰਜੈਂਸੀ, ਉਪ੍ਰੇਸ਼ਨਾਂ, ਦਾਖ਼ਲ ਮਰੀਜ਼ਾਂ, ਐਂਬੂਲੇਟਰੀ ਦੇਖਭਾਲ, ਡਾਇਗਨੌਸਟਿਕਸ ਅਤੇ ਕੈਂਸਰ ਦੀ ਦੇਖਭਾਲ ਵਰਗੇ ਖੇਤਰਾਂ ਵਿੱਚ ਸਾਡੀ ਖੇਤਰੀ ਸਮਰੱਥਾ ਵਿੱਚ ਵਾਧਾ ਕਰਨ ਦੇ ਨਾਲ ਨਾਲ, ਘਰਾਂ ਦੇ ਨਜ਼ਦੀਕ ਮਰੀਜ਼-ਕੇਂਦ੍ਰਿਤ ਬਿਹਤਰ ਦੇਖਭਾਲ ਨੂੰ ਮਜ਼ਬੂਤ ਬਣਾ ਸਕਾਂਗੇ।”

ਇਸ ਨਵੇਂ ਹਸਪਤਾਲ ਵਿੱਚ 168 ਬੈੱਡ, ਇੱਕ ਸਰਜੀਕਲ/ਪੰਜ ਉਪ੍ਰੇਸ਼ਨ ਰੂਮ, ਚਾਰ ਪ੍ਰੋਸੀਜਰ ਰੂਮ ਵਾਲਾ ਪ੍ਰੀਉਪਰੇਟਿਵ ਸੁਈਟ, 55 ਇਲਾਜ ਸਥਾਨਾਂ ਵਾਲਾ ਇੱਕ ਐਮਰਜੈਂਸੀ ਵਿਭਾਗ, ਅਤੇ ਸਾਰੇ ਕਲੀਨਿਕਲ ਸੇਵਾ ਖੇਤਰਾਂ ਵਿੱਚ ਵਰਚੁਅਲ ਦੇਖਭਾਲ ਦੇ ਵਿਕਲਪ ਮੌਜੂਦ ਹੋਣਗੇ।

ਇਸ ਸਹੂਲਤ ਵਿੱਚ ਇੱਕ ਵੱਡਾ ਮੈਡੀਕਲ ਇਮੇਜਿੰਗ ਵਿਭਾਗ ਹੋਵੇਗਾ, ਜਿਸ ਵਿੱਚ ਤਿੰਨ ਸੀ ਟੀ ਸਕੈਨਰ ਅਤੇ ਦੋ ਐੱਮ ਆਰ ਆਈ ਮਸ਼ੀਨਾਂ ਦੇ ਨਾਲ ਨਾਲ ਫ਼ਾਰਮੇਸੀ, ਲੈਬੋਰੇਟਰੀ ਅਤੇ ਅਕਾਦਮਿਕ ਸਥਾਨ ਵੀ ਸ਼ਾਮਲ ਹੋਣਗੇ।

ਅਧਿਆਤਮਕ ਦੇਖਭਾਲ ਅਤੇ ਪ੍ਰਵਾਰਕ ਇਕੱਠਾਂ ਲਈ ਇੱਕ ਵਿਸ਼ੇਸ਼ ਨਿਰਧਾਰਤ ਸਥਾਨ ਹੋਵੇਗਾ ਜਿਸ ਰਾਹੀਂ ਸੱਭਿਆਚਾਰਕ ਵਿਵਿਧਤਾ ਅਤੇ ਅਧਿਆਤਮਕ ਵਿਧੀਆਂ ਨੂੰ ਮਜ਼ਬੂਤੀ ਮਿਲੇਗੀ।

ਇਸ ਨਵੇਂ ਬੀ ਸੀ ਕੈਂਸਰ ਸੈਂਟਰ ਵਿੱਚ 50 ਜਾਂਚ ਕਮਰਿਆਂ ਵਾਲਾ ਇੱਕ ਔਨਕੌਲੋਜੀ ਐਂਬੂਲੇਟਰੀ ਕੇਅਰ ਯੂਨਿਟ, 54 ਕੀਮੋਥੈਰੇਪੀ ਇਲਾਜ ਲਈ ਸਥਾਨ ਅਤੇ ਰੇਡੀਏਸ਼ਨ ਥੈਰੇਪੀ ਲਈ ਛੇ ਲੀਨੀਅਰ ਐਕਸੈੱਲਰੇਟਰਾਂ ਵਾਸਤੇ ਕਮਰਾ ਸ਼ਾਮਲ ਹੋਵੇਗਾ ਤਾਂ ਕਿ ਉਹ ਲੋਕ ਜਿਨ੍ਹਾਂ ਨੂੰ ਕੈਂਸਰ ਹੋਣ ਬਾਰੇ ਪਤਾ ਲੱਗੇਗਾ, ਉਨ੍ਹਾਂ ਨੂੰ ਦੇਖਭਾਲ ਅਤੇ ਮਦਦ ਮੁਹੱਈਆ ਕਰਾਈ ਜਾ ਸਕੇ।

"ਇੱਕ ਨਵੇਂ ਸਰੀ ਹਸਪਤਾਲ ਅਤੇ ਬੀ ਸੀ ਕੈਂਸਰ ਸੈਂਟਰ ਦੇ ਨਿਰਮਾਣ ਦੇ ਲਿਹਾਜ਼ ਨਾਲ ਇਸ ਅਗਲੇ ਮੀਲ-ਪੱਥਰ ਤੱਕ ਪਹੁੰਚਣ ਦੀ ਸਾਨੂੰ ਖ਼ੁਸ਼ੀ ਹੋ ਰਹੀ ਹੈ ਅਤੇ ਅਸੀਂ ਇਸ ਤੇਜ਼ੀ ਨਾਲ ਵਧ ਰਹੇ ਅਤੇ ਬਜ਼ੁਰਗ਼ ਹੋ ਰਹੀ ਆਬਾਦੀ ਵਾਲੇ ਪੂਰੇ ਇਲਾਕੇ ਵਿੱਚ ਕੈਂਸਰ ਦੀ ਦੇਖਭਾਲ ਤੱਕ ਪਹੁੰਚ ਅਤੇ ਉਸ ਲਈ ਸਮਰੱਥਾ ਵਿੱਚ ਸੁਧਾਰ ਕਰਨ ਲਈ ਫ਼ਰੇਜ਼ਰ ਹੈੱਲਥ ਨਾਲ ਭਾਈਵਾਲੀ ਅਧੀਨ ਨਿਰੰਤਰ ਕਾਰਜ ਕਰਦੇ ਰਹਿਣ ਲਈ ਉਤਸਕ ਹਾਂ," ਡੇਵਿਡ ਬਾਇਰਜ਼, ਪ੍ਰਧਾਨ ਅਤੇ ਮੁੱਖ ਕਾਰਜਕਾਰੀ ਅਧਿਕਾਰੀ, ਪ੍ਰੋਵਿੰਸ਼ੀਅਲ ਹੈੱਲਥ ਸਰਵਿਸਜ਼ ਅਥੌਰਿਟੀ, ਨੇ ਕਿਹਾ, "ਇਸ ਕਾਰਜ ਰਾਹੀਂ ਆਉਣ ਵਾਲੇ ਕਈ ਸਾਲਾਂ ਦੌਰਾਨ ਮਰੀਜ਼ਾਂ ਅਤੇ ਪਰਿਵਾਰਾਂ ਲਈ ਕੈਂਸਰ ਦਾ ਜੀਵਨ-ਰੱਖਿਅਕ ਅਤੇ ਜੀਵਨ-ਵਰਧਕ ਇਲਾਜ ਘਰਾਂ ਦੇ ਵਧੇਰੇ ਨਜ਼ਦੀਕ ਲਿਆਂਦਾ ਜਾਏਗਾ।"

ਇਸ ਪ੍ਰੋਜੈਕਟ ਵਿੱਚ ਇੱਕ 49-ਸਥਾਨਾਂ ਵਾਲਾ ਬਾਲ ਸੰਭਾਲ ਕੇਂਦਰ ਅਤੇ 730 ਪਾਰਕਿੰਗ ਸਥਾਨ ਵੀ ਸ਼ਾਮਲ ਹੋਣਗੇ ਅਤੇ ਭਵਿੱਖ ਦੀਆਂ ਜ਼ਰੂਰਤਾਂ ਦੇ ਸਮਾਧਾਨ ਲਈ ਅਵਸਰਾਂ ਅਤੇ ਨਵੀਨਤਾਕਾਰੀ ਲਈ ਵੀ ਗੁੰਜਾਇਸ਼ ਰੱਖੀ ਜਾਏਗੀ।

ਇਸ 'ਤੇ $1.72 ਬਿਲੀਅਨ ਦਾ ਪੂੰਜੀਗਤ ਖ਼ਰਚਾ ਆਉਣ ਦਾ ਅਨੁਮਾਨ ਹੈ ਅਤੇ ਇਸ ਲਈ ਸੂਬਾਈ ਸਰਕਾਰ ਵੱਲੋਂ ਮਾਲੀ ਮਦਦ ਦਿੱਤੀ ਜਾਏਗੀ। ਫ਼ਰੇਜ਼ਰ ਹੈੱਲਥ ਅਤੇ ਪ੍ਰੋਵਿੰਸ਼ੀਅਲ ਹੈੱਲਥ ਸਰਵਿਸਜ਼ ਅਥੌਰਿਟੀ ਸਰੀ ਹੌਸਪੀਟਲਜ਼ ਫ਼ਾਊਂਡੇਸ਼ਨ ਅਤੇ ਬੀ ਸੀ ਕੈਂਸਰ ਫ਼ਾਊਂਡੇਸ਼ਨ ਨਾਲ ਮਿਲ ਕੇ ਕੰਮ ਕਰ ਰਹੇ ਹਨ ਤਾਂ ਕਿ ਮਾਲੀ ਮਦਦ ਦੇ ਸੰਭਾਵਤ ਅਵਸਰਾਂ ਦੀ ਤਲਾਸ਼ ਕੀਤੀ ਜਾ ਸਕੇ।

ਇੱਕ ਪਿੱਠ-ਭੂਮੀ ਅੱਗੇ ਦਿੱਤੀ ਹੈ।

**ਸੰਪਰਕ:**

ਸਿਹਤ ਮੰਤਰਾਲਾ
ਕਮਿਊਨੀਕੇਸ਼ਨਜ਼
250 952-1887 (ਮੀਡੀਆ ਲਾਈਨ)

ਫ਼ਰੇਜ਼ਰ ਹੈੱਲਥ
ਕਮਿਊਨੀਕੇਸ਼ਨਜ਼
media@fraserhealth.ca
604 613-0794 (ਮੀਡੀਆ ਲਾਈਨ)

ਪ੍ਰੋਵਿੰਸ਼ੀਅਲ ਹੈੱਲਥ ਸਰਵਿਸਜ਼ ਅਥੌਰਿਟੀ
ਕਮਿਊਨੀਕੇਸ਼ਨਜ਼
778 867-7472 (ਮੀਡੀਆ ਲਾਈਨ)

# ਪਿੱਠ-ਭੂਮੀ

ਤੁਰੰਤ ਜਾਰੀ ਕਰਨ ਹਿਤ
2022HLTH0156-001048
4 ਜੁਲਾਈ, 2022

ਸਿਹਤ ਮੰਤਰਾਲਾ
ਫ਼ਰੇਜ਼ਰ ਹੈੱਲਥ
ਪ੍ਰੋਵਿੰਸ਼ੀਅਲ ਹੈੱਲਥ ਸਰਵਿਸਜ਼ ਅਥੌਰਿਟੀ

## ਨਵੇਂ ਸਰੀ ਹਸਪਤਾਲ ਅਤੇ ਬੀ ਸੀ ਕੈਂਸਰ ਸੈਂਟਰ ਬਾਰੇ ਲੋਕ ਕੀ ਕਹਿ ਰਹੇ ਹਨ

**ਮਾਈਕ ਸਟਾਰਚਕ, ਸਰੀ-ਕਲੋਵਰਡੇਲ ਲਈ ਐੱਮ ਐੱਲ ਏ–**

"ਸਿਟੀ ਔਫ਼ ਸਰੀ ਵੱਲੋਂ ਰੀਜ਼ੋਨਿੰਗ ਲਈ ਦਿੱਤੀ ਗਈ ਅਰਜ਼ੀ ਵਾਂਗ ਹੀ, ਹਰ ਇੱਕ ਮੀਲ-ਪੱਥਰ ਦਾ ਅਰਥ ਹੁੰਦਾ ਹੈ ਕਿ ਅਸੀਂ ਅਗਾਂਹ ਵਧ ਰਹੇ ਹਾਂ ਅਤੇ ਸਰੀ ਵਿੱਚ ਨਵੇਂ ਹਸਪਤਾਲ ਨਾਲ ਸ਼ਾਨਦਾਰ ਪ੍ਰਗਤੀ ਕਰ ਰਹੇ ਹਾਂ। ਸੰਖੇਪ-ਸੂਚੀ ਦੇ ਅੱਜ ਕੀਤੇ ਗਏ ਐਲਾਨ ਨਾਲ ਅਸੀਂ ਨਿਰਮਾਣ ਆਰੰਭ ਕਰਨ ਦੇ ਇੱਕ ਕਦਮ ਹੋਰ ਨੇੜੇ ਪਹੁੰਚ ਗਏ ਹਾਂ, ਜੋ ਇੱਕ ਬੇਹੱਦ ਖ਼ੁਸ਼ੀ ਵਾਲੀ ਖ਼ਬਰ ਹੈ।"

**ਜਗਰੂਪ ਬਰਾੜ, ਸਰੀ-ਫ਼ਲੀਟਵੁਡ ਲਈ ਐੱਮ ਐੱਲ ਏ–**

"ਅਸੀਂ ਵੇਖ ਰਹੇ ਹਾਂ ਕਿ ਸਰੀ ਦੀ ਆਬਾਦੀ ਵਿੱਚ ਪਿਛਲੇ 10 ਸਾਲਾਂ ਦੌਰਾਨ ਬਹੁਤ ਵੱਡਾ ਵਾਧਾ ਹੋਇਆ ਹੈ, ਜਿਸ ਵਿੱਚ ਅਗਲੇ 10 ਸਾਲਾਂ ਦੌਰਾਨ ਹੋਰ ਵੀ ਵਾਧਾ ਹੋਣ ਦਾ ਅਨੁਮਾਨ ਹੈ, ਜਿਸ ਦਾ ਅਰਥ ਹੈ ਕਿ ਸਾਡੇ ਨਵੇਂ ਪੂੰਜੀਗਤ ਪ੍ਰੋਜੈਕਟਾਂ ਰਾਹੀਂ ਭਵਿੱਖ ਦੀ ਯੋਜਨਾਬੰਦੀ ਕਰਨ ਦਾ ਸਮਾਂ ਆ ਗਿਆ ਹੈ। ਇਹੀ ਕਾਰਣ ਹੈ ਕਿ ਸਾਡੀ ਸਰਕਾਰ ਲੋੜੀਂਦੀਆਂ ਜਨਤਕ ਸਿਹਤ-ਸੰਭਾਲ ਸੇਵਾਵਾਂ 'ਤੇ ਨਜ਼ਦੀਕ ਤੋਂ ਨਜ਼ਰ ਰੱਖ ਰਹੀ ਹੈ ਅਤੇ ਉਨ੍ਹਾਂ ਤੱਕ ਪਹੁੰਚ ਵਿੱਚ ਸੁਧਾਰ ਕਰ ਰਹੀ ਹੈ। ਇਹੀ ਸਹੀ ਕੰਮ ਹੈ।"

**ਰਚਨਾ ਸਿੰਘ, ਸਰੀ-ਗਰੀਨ ਟਿੰਬਰਜ਼ ਲਈ ਐੱਮ ਐੱਲ ਏ–**

"ਉਹ ਸੇਵਾਵਾਂ ਜੋ ਸਰਕਾਰ ਬ੍ਰਿਟਿਸ਼ ਕੋਲੰਬੀਆ ਨਿਵਾਸੀਆਂ ਨੂੰ ਮੁਹੱਈਆ ਕਰਾਉਂਦੀ ਹੈ, ਉਨ੍ਹਾਂ ਵਿੱਚੋਂ ਸਿਹਤ ਸੰਭਾਲ ਨਿਰਮਾਣ ਦੇ ਬੁਨਿਆਦੀ ਪੱਥਰਾਂ ਵਿੱਚੋਂ ਇੱਕ ਹੈ। ਇਹੀ ਕਾਰਣ ਹੈ ਕਿ ਸਰੀ ਲਈ ਇਸ ਨਵੇਂ ਹਸਪਤਾਲ ਲਈ ਸੰਖੇਪ-ਸੂਚੀ ਸਬੰਧੀ ਪ੍ਰਗਤੀ ਹੁੰਦੀ ਵੇਖਣਾ ਇਸ ਦਾ ਏਨਾ ਅਨਿੱਖੜਵਾਂ ਹਿੱਸਾ ਹੈ। ਅਸੀਂ ਭਾਈਚਾਰੇ ਨਾਲ ਕੀਤੇ ਵਾਅਦਿਆਂ ਨੂੰ ਪੂਰਾ ਕਰਨ ਲਈ ਅਤੇ ਆਪਣਾ ਸਮਰਥਨ ਪ੍ਰਗਟ ਕਰਨ ਲਈ ਮੌਜੂਦ ਹਾਂ।"

**ਗੈਰੀ ਬੈੱਗ, ਸਰੀ-ਗਿਲਫ਼ਰਡ ਲਈ ਐੱਮ ਐੱਲ ਏ–**

"ਸਾਡੀ ਸਰਕਾਰ ਹਰ ਕਿਸੇ ਲਈ ਜੀਵਨ ਨੂੰ ਬਿਹਤਰ ਬਣਾਉਣ ਲਈ ਅਤੇ ਇੱਕ ਵਧੇਰੇ ਮਜ਼ਬੂਤ ਬੀ ਸੀ ਦਾ ਨਿਰਮਾਣ ਕਰਨ ਲਈ ਸਖ਼ਤ ਮਿਹਨਤ ਕਰ ਰਹੀ ਹੈ। ਇਹੀ ਕਾਰਣ ਹੈ ਕਿ ਅਸੀਂ ਸਰੀ ਲਈ ਇੱਕ ਨਵੇਂ ਹਸਪਤਾਲ 'ਤੇ ਧਿਆਨ ਕੇਂਦ੍ਰਿਤ ਕਰ ਰਹੇ ਹਾਂ, ਤਾਂ ਕਿ ਇੱਕ ਤੇਜ਼ੀ ਨਾਲ ਵਿਕਸਤ ਹੋ ਰਹੇ ਇਲਾਕੇ ਵਿੱਚ ਸਿਹਤ-ਸੰਭਾਲ ਦੀਆਂ ਸਥਾਨਕ ਜ਼ਰੂਰਤਾਂ ਦਾ ਸਮਾਧਾਨ ਕੀਤਾ ਜਾ ਸਕੇ। ਜਦੋਂ ਅਸੀਂ ਮਿਲ ਕੇ ਮਜ਼ਬੂਤ ਹੁੰਦੇ ਹਾਂ, ਤਾਂ ਹਰ ਕਿਸੇ ਨੂੰ ਫ਼ਾਇਦਾ ਹੁੰਦਾ ਹੈ।"

**ਹੈਰੀ ਬੈਂਸ, ਸਰੀ-ਨਿਊਟਨ ਲਈ ਐੱਮ ਐੱਲ ਏ–**

"ਅਸੀਂ ਆਪਣੀਆਂ ਸ਼ਕਤੀਆਂ ਨੂੰ ਮਜ਼ਬੂਤ ਕਰ ਰਹੇ ਹਾਂ ਤਾਂ ਕਿ ਅਸੀਂ ਆਪਣੇ ਆਪ ਨੂੰ ਭਵਿੱਖ ਦੀਆਂ ਚੁਣੌਤੀਆਂ ਅਤੇ ਅਵਸਰਾਂ ਲਈ ਤਿਆਰ ਕਰ ਸਕੀਏ, ਅਤੇ ਭਾਈਚਾਰੇ ਨੂੰ ਦੱਸਣ ਲਈ ਇਸ ਤੋਂ ਬਿਹਤਰ ਤਰੀਕਾ ਕੀ ਹੋ ਸਕਦਾ ਹੈ ਕਿ ਤੁਸੀਂ ਉਨ੍ਹਾਂ ਨੂੰ ਇੱਕ ਨਵਾਂ ਹਸਪਤਾਲ ਮੁਹੱਈਆ ਕਰਾ ਕੇ ਉਨ੍ਹਾਂ ਦੀ ਮਦਦ ਕਰ ਰਹੇ ਹੋ? ਇਹ ਕੋਈ ਲੁਕੀ ਹੋਈ ਗੱਲ ਨਹੀਂ ਹੈ ਕਿ ਸਰੀ ਦਾ ਤੇਜ਼ੀ ਨਾਲ ਵਿਸਤਾਰ ਹੋ ਰਿਹਾ ਹੈ, ਅਤੇ ਅਸੀਂ ਜਾਣਦੇ ਹਾਂ ਕਿ ਇਸ ਨਵੇਂ ਅਤਿ-ਆਧੁਨਿਕ ਸਰੀ ਹਸਪਤਾਲ ਅਤੇ ਬੀ ਸੀ ਕੈਂਸਰ ਸੈਂਟਰ ਨਾਲ ਉਹ ਗੁਣਵੱਤਾਪੂਰਣ ਜਨਤਕ ਸਿਹਤ ਸੰਭਾਲ ਮੁਹੱਈਆ ਹੋ ਸਕੇਗੀ ਜਿਸ 'ਤੇ ਲੋਕ ਨਿਰਭਰ ਕਰਦੇ ਹਨ, ਅਤੇ ਇਹ ਖ਼ੁਸ਼ੀ ਦੀ ਗੱਲ ਹੈ ਕਿ ਅਸੀਂ ਇਸ ਪ੍ਰੋਜੈਕਟ ਦੇ ਲਿਹਾਜ਼ ਨਾਲ ਲਗਾਤਾਰ ਪ੍ਰਗਤੀ ਕਰ ਕਰ ਰਹੇ ਹਾਂ।"

**ਬਰੂਸ ਰਾਲਸਟਨ, ਸਰੀ-ਵਾਲ੍ਹੀ ਲਈ ਐੱਮ ਐੱਲ ਏ-**

"ਜੋ ਪ੍ਰਗਤੀ ਅਸੀਂ ਬਿਲਕੁਲ ਇੱਥੇ ਆਪਣੇ ਭਾਈਚਾਰੇ ਵਿੱਚ ਹੁੰਦੀ ਵੇਖ ਰਹੇ ਹਾਂ, ਉਸ ਤੋਂ ਮੈਂ ਬਹੁਤ ਪ੍ਰਸੰਨਚਿੱਤ ਅਤੇ ਊਰਜਾਵਾਨ ਅਨੁਭਵ ਕਰ ਰਿਹਾ ਹਾਂ। ਇਹ ਜਾਣ ਕੇ ਹੋਰ ਵੀ ਚੰਗਾ ਲਗਦਾ ਹੈ ਕਿ ਉਹ ਪਰਿਵਾਰ ਜਿਨ੍ਹਾਂ ਦੇ ਮੈਂਬਰ ਕੈਂਸਰ ਦਾ ਪਤਾ ਲੱਗਣ ਦੀਆਂ ਸਥਿਤੀਆਂ ਦਾ ਸਾਹਮਣਾ ਕਰ ਰਹੇ ਹਨ, ਨੂੰ ਇੱਕ ਨਵੇਂ ਬੀ ਸੀ ਕੈਂਸਰ ਸੈਂਟਰ ਤੋਂ ਲਾਭ ਹੋਵੇਗਾ ਜਿਸ ਵਿੱਚ 50 ਜਾਂਚ ਕਮਰੇ ਅਤੇ ਕੀਮੋਥੈਰੇਪੀ ਇਲਾਜ ਲਈ 54 ਸਥਾਨ ਹੋਣ ਦੇ ਨਾਲ ਨਾਲ ਛੇ ਲੀਨੀਅਰ ਐਕਸੈੱਲਰੇਟਰਾਂ ਲਈ ਇੱਕ ਕਮਰਾ ਮੌਜੂਦ ਹੋਵੇਗਾ। ਇਸ ਨਾਲ ਸਰੀ ਕੈਂਸਰ ਦੀ ਦੇਖਭਾਲ ਅਤੇ ਇਲਾਜ ਵਿੱਚ ਮੋਹਰੀ ਦੇ ਤੌਰ 'ਤੇ ਨਕਸ਼ੇ 'ਤੇ ਆ ਜਾਏਗਾ।"

**ਰਵੀ ਕਾਹਲੋਂ, ਡੈਲਟਾ ਨੌਰਥ ਲਈ ਐੱਮ ਐੱਲ ਏ-**

"ਸਾਡੀ ਸਰਕਾਰ ਲੋਕਾਂ ਅਤੇ ਪਰਿਵਾਰਾਂ ਦੀ ਮਦਦ ਕਰਨ, ਅਤੇ ਹਾਲਾਤ ਮੁਤਾਬਕ ਢਲ ਸਕਣ ਵਾਲੇ ਭਾਈਚਾਰਿਆਂ ਦਾ ਨਿਰਮਾਣ ਕਰਨ ਦਾ ਵਾਅਦਾ ਪੂਰਾ ਕਰ ਰਹੀ ਹੈ। ਇਸ ਨਵੇਂ ਹਸਪਤਾਲ ਨਾਲ ਨਵੇਂ ਆਉਣ ਵਾਲੇ ਲੋਕਾਂ ਅਤੇ ਇਸ ਇਲਾਕੇ ਵਿੱਚ ਲੰਮੇ ਸਮੇਂ ਤੋਂ ਰਹਿ ਰਹੇ ਲੋਕਾਂ ਦੀਆਂ ਜ਼ਰੂਰਤਾਂ ਨੂੰ ਪੂਰੀਆਂ ਹੋਣਗੀਆਂ, ਜੋ ਕਈ ਸਾਲਾਂ ਤੋਂ ਇਸ ਨਿਵੇਸ਼ ਦੀ ਮੰਗ ਕਰ ਰਹੇ ਸਨ। ਇਹ ਕੇਵਲ ਸਰੀ ਲਈ ਹੀ ਨਹੀਂ, ਬਲਕਿ ਨੌਰਥ ਡੈਲਟਾ ਦੇ ਲੋਕਾਂ ਲਈ ਵੀ ਅਦਭੁਤ ਖ਼ਬਰ ਹੈ ਜਿਨ੍ਹਾਂ ਕੋਲ ਘਰ ਤੋਂ 15 ਮਿੰਟ ਦੇ ਫ਼ਾਸਲੇ 'ਤੇ ਹੁਣ ਤਿੰਨ ਹਸਪਤਾਲ ਹਨ।"

**ਸੰਪਰਕ:**

ਸਿਹਤ ਮੰਤਰਾਲਾ
ਕਮਿਊਨੀਕੇਸ਼ਨਜ਼
250 952-1887 (ਮੀਡੀਆ ਲਾਈਨ)

ਫ਼ਰੇਜ਼ਰ ਹੈੱਲਥ
ਕਮਿਊਨੀਕੇਸ਼ਨਜ਼
media@fraserhealth.ca
604 613-0794 (ਮੀਡੀਆ ਲਾਈਨ)

ਪ੍ਰੋਵਿੰਸ਼ੀਅਲ ਹੈੱਲਥ ਸਰਵਿਸਜ਼ ਅਥੌਰਿਟੀ
ਕਮਿਊਨੀਕੇਸ਼ਨਜ਼
778 867-7472 (ਮੀਡੀਆ ਲਾਈਨ)

---

ਬੀ ਸੀ ਦੀ ਸੂਬਾ ਸਰਕਾਰ ਨਾਲ news.gov.bc.ca/connect 'ਤੇ ਸੰਪਰਕ ਕਰੋ।